# BUDHA DAL PUBLIC SCHOOL PATIALA (8 September 15)

**UNIT - I**
**Class - X**
**Paper - Punjabi**

**Time: 3 hrs.** **MM: 90**

ਭਾਗ-ੳ

ਗਿਆਨ ਤੇ ਵਿਚਾਰ

**1) ਹੇਠ ਲਿਖੇ ਅਣਡਿੱਠੇ ਪੈਰਿਆਂ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ।** **(5×2=10)**

I. ਪੰਜਾਬੀ ਸਾਹਿਤ ਦੀ ਸੂਫ਼ੀ ਕਾਵਿ-ਧਾਰਾ ਵਿੱਚ ਬਾਬਾ ਫ਼ਰੀਦ ਸ਼ਕਰਗੰਜ ਪਹਿਲੇ ਪੜਾਅ ਤੇ ਸੂਫ਼ੀ ਕਵੀ ਹਨ, ਜਿਨ੍ਹਾਂ ਨੇ ਸ਼ਰ੍ਹਾ ਦੇ ਅਧਾਰ ਤੇ (ਮਰਸ਼ਦ ਦੀ ਥਾਂ) ਅਣਦਿਸਦੇ ਰੱਬ ਦੀ ਪ੍ਰੀਤ ਨੂੰ ਕਾਵਿ-ਬੱਧ ਕੀਤਾ। ਇਹ ਕਾਵਿ-ਧਾਰਾ ਸ਼ਾਹ-ਹੁਸੈਨ ਦੁਆਰਾ ਦੂਜੇ ਪੜਾਅ ਤੇ ਪੁੱਜਦੀ ਹੈ, ਜਿਨ੍ਹਾਂ ਨੇ ਅਣਦਿਸੱਦੇ ਰੱਬ ਦੀ ਥਾਂ ਮੁਰਸ਼ਦ (ਦਿੱਸਦਾ ਰੱਬ) ਨਾਲ ਸੰਬੰਧ ਜੋੜ ਕੇ ਅਧਿਆਤਮਕਤਾ ਨੂੰ ਧਰਤੀ ਦੀ ਛੂਹ ਦਿੱਤੀ ਅਤੇ ਜਿਨ੍ਹਾਂ ਨੇ ਸ਼ਰ੍ਹੇਈ ਨੇਮਾਂ ਤੋਂ ਸੀਮਤ ਜਿਹੀ ਖੁਲ੍ਹ ਲਈ, ਪਰ ਹਲੀਮੀ ਦਾ ਪੱਲਾ ਹੱਥੋਂ ਨਾ ਛੱਡਿਆ। ਇਹ ਧਾਰਾ ਸਾਈਂ ਬੁਲ੍ਹੇ ਸ਼ਾਹ ਰਾਹੀਂ ਤੀਜੇ ਪੜਾਅ ਜਾਂ ਸ਼ਿਖਰ ਨੂੰ ਛੋਂਹਦੀ ਹੈ, ਜਿਨ੍ਹਾਂ ਨੇ ਸ਼ਰ੍ਹਾਂ ਦੇ ਬੰਧਨ ਤੋੜ ਦਿੱਤੇ, ਮੁਰਸ਼ਦ ਹੁਰਾਂ ਨਾਲ ਚੰਗੀ-ਚੋਖੀ ਖੁਲ੍ਹ ਲੈਂਦਿਆਂ ਹੋਇਆਂ ਇੱਥੋਂ ਤੀਕ ਕਿ ਬਰਾਬਰੀ ਕਰਦਿਆਂ ਹੋਇਆਂ, ਉਨ੍ਹਾਂ ਨੂੰ ਤਾਹਨੇ-ਮਿਹਣੇ ਵੀ ਮਾਰੇ। ਪੰਜਾਬੀ ਵਿੱਚ ਜੋ ਸਥਾਨ ਗੁਰਮਤਿ-ਸਾਹਿਤ ਵਿੱਚ ਗੁਰੂ ਨਾਨਕ ਦੇਵ ਜੀ ਨੂੰ, ਬੀਰ-ਸਾਹਿਤ ਵਿੱਚ ਗੁਰੂ ਗੋਬਿੰਦ ਸਿੰਘ ਜ਼ੀ ਨੂੰ ਅਤੇ ਕਿੱਸਾ-ਸਾਹਿਤ ਵਿੱਚ ਸੱਯਦ ਵਾਰਿਸ ਸ਼ਾਹ ਨੂੰ ਪ੍ਰਾਪਤ ਹੈ, ਉਹੀ ਮਾਣ ਸੂਫ਼ੀ ਸਾਹਿਤ ਵਿੱਚ ਸਾਈਂ ਬੁਲ੍ਹੇ ਸ਼ਾਹ ਨੂੰ ਹਾਸਿਲ ਹੈ। ਆਪ ਨੂੰ ਇਹ ਸਨਮਾਨ ਆਪ ਦੇ ਸਰਬ-ਸਾਂਝੇ ਧਾਰਮਕ ਫ਼ਲਸਫ਼ੇ, ਲੋਕ ਕਾਵਿ-ਰੂਪਾਂ, ਲੋਕ ਕਾਵਿ ਚਿੰਨ੍ਹਾਂ, ਲੋਕ-ਛੰਦਾ, ਸ਼ਰ੍ਹਈ ਅੰਸ਼ ਤੇ ਪੰਜਾਬੀਅਤ ਦੀ ਮਾਣ ਸਦਕਾ ਦਿੱਤਾ ਜਾਂਦਾ ਹੈ। ਇਨ੍ਹਾਂ ਕਾਰਣਾਂ ਕਰਕੇ ਹੀ ਤਾ ਆਪ ਨੂੰ ਸੂਫ਼ੀਆਂ ਦਾ ਸਿਰਤਾਜ ਕਵੀ ਕਹਿ ਕੇ ਯਾਦ ਕੀਤਾ ਜਾਂਦਾ ਹੈ। ਆਪ ਦੀਆਂ ਕਾਫ਼ੀਆਂ ਹੁਣ ਵੀ ਲੋਕ-ਮੂੰਹਾਂ, ਤੇ ਚੜ੍ਹੀਆਂ ਹੋਈਆਂ ਹਨ ਅਤੇ ਸੂਫ਼ੀਆਂ ਦੇ ਤਕੀਆਂ 'ਤੇ ਨੱਚ-ਨੱਚ ਕੇ ਗਾਈਆਂ ਜਾਂਦੀਆਂ ਹਨ।

ਪ੍ਰਸ਼ਨ - (1) ਕਿਸ ਨੂੰ ਸੂਫੀਆਂ ਦਾ ਸਿਰਤਾਜ ਕਵੀ ਕਿਹਾ ਜਾਂਦਾ ਹੈ?

(ੳ) ਸ਼ੇਖ਼ ਫ਼ਰੀਦ ਨੂੰ (ਅ) ਸ਼ਾਹ ਹੁਸੈਨ ਨੂੰ (ੲ) ਬੁੱਲ੍ਹੇ ਸ਼ਾਹ ਨੂੰ (ਸ) ਸੁਲਤਾਨ ਬਾਹੂ ਨੂੰ

ਪ੍ਰਸ਼ਨ - (2) ਸੂਫੀ ਕਾਵਿ-ਧਾਰਾ ਦੇ ਮੋਢੀ ਕੌਣ ਹਨ?

(ੳ) ਸ਼ੇਖ਼ ਫ਼ਰੀਦ (ਅ) ਸ਼ਾਹ ਹੁਸੈਨ (ੲ) ਬੁਲ੍ਹੇ ਸ਼ਾਹ (ਸ) ਸੁਲਤਾਨ ਬਾਹੂ

ਪ੍ਰਸ਼ਨ - (3) ਸੂਫੀ-ਸਾਹਿਤ ਵਿੱਚ ਜੋ ਸਥਾਨ ਸਾਈਂ ਬੁਲ੍ਹੇ ਸ਼ਾਹ ਨੂੰ ਹਾਸਲ ਹੈਂ ਉਹੀ ਸਥਾਨ ਕਿਸਾ-ਸਾਹਿਤ ਵਿੱਚ ਕਿਸ ਨੂੰ ਹਾਸਲ ਹੈ?

(ੳ) ਦਮੋਦਰ (ਅ) ਵਾਰਸ ਸ਼ਾਹ

(ੲ) ਪੀਲੂ (ਸ) ਹਾਸ਼ਮ

ਪ੍ਰਸ਼ਨ - (4) ਪੈਰੇ ਲਈ ਢੁਕਵਾਂ ਸਿਰਲੇਖ ਚੁਣੋ:

(ੳ) ਸੂਫ਼ੀ ਕਾਵਿ-ਧਾਰਾ (ਅ) ਪੰਜਾਬੀ ਸਾਹਿਤ

(ੲ) ਗੁਰਮਤਿ ਸਹਿਤ (ਸ) ਬੀਰ ਸਾਹਿਤ

ਪ੍ਰਸ਼ਨ - (5) ਪੰਜਾਬੀ ਵਿੱਚ ਬੀਰ-ਸਾਹਿਤ ਵਿੱਚ ਮੁੱਢਲਾ ਸਥਾਨ ਕਿਸ ਨੂੰ ਹਾਸਲ ਹੈ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਹਰਗੋਬਿੰਦ ਜੀ

(ੲ) ਗੁਰੂ ਗੋਬਿੰਦ ਸਿੰਘ ਜੀ (ਸ) ਭਾਈ ਗੁਰਦਾਸ ਜੀ

2. ਮਨੁੱਖੀ ਜੀਵ ਦੋ ਤਰ੍ਹਾਂ ਦੀਆਂ ਪ੍ਰਵਿਰਤੀਆਂ ਨੂੰ ਮਿਲਾ ਕੇ ਬਣਿਆ ਹੈ — ਸਾਤਵਿਕ ਪ੍ਰਵਿਰਤੀ ਤੇ ਤਾਮਸਿਕ ਪ੍ਰਵਿਰਤੀ। ਜਿਸ ਮਨੁੱਖ ਵਿੱਚ ਸਾਤਵਿਕ ਪ੍ਰਵਿਰਤੀ ਪ੍ਰਬੱਲ ਹੁੰਦੀ ਹੈ ਉਹ ਇੱਕ ਚੰਗਾ ਨਾਗਰਿਕ ਬਣ ਕੇ ਦੇਸ ਦੀ ਉੱਨਤੀ ਵਿੱਚ ਸਹਾਇਕ ਸਿੱਧ ਹੁੰਦਾ ਹੈ। ਪਰ ਜਦੋਂ ਮਨੁੱਖ ਦੇ ਅੰਦਰ ਤਾਸਮਿਕ ਪ੍ਰਵਿਰਤੀ ਭਾਰੂ ਹੋ ਜਾਂਦੀ ਹੈ ਤਾਂ ਉਸ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਉਹ ਦੇਸ ਵਾਸਤੇ ਵੀ ਖਤਰਨਾਕ ਸਿੱਧ ਹੋ ਸਕਦਾ ਹੈ। ਸਾਡੇ ਦੇਸ ਵਿੱਚ ਇਸ ਕਿਸਮ ਦੀਆਂ ਕਈ ਤਾਮਸਿਕ ਪ੍ਰਵਿਰਤੀਆਂ ਪੱਛਮ ਤੋਂ ਆਈਆਂ ਹਨ। ਇਨ੍ਹਾਂ ਵਿੱਚੋਂ ਇੱਕ ਪ੍ਰਵਿਰਤੀ ਹੈ ਨਸ਼ੀਲੀਆਂ ਦੁਆਈਆਂ ਦੀ ਵਰਤੋਂ। ਅੱਜ ਦੀ ਨੌਜਵਾਨ ਪੀੜ੍ਹੀ ਇਸ ਪ੍ਰਵਿਰਤੀ ਦਾ ਸ਼ਿਕਾਰ ਹੋ ਰਹੀ ਹੈ। ਇਨ੍ਹਾਂ ਦਾ ਨਸ਼ਾ ਬਹੁਤ ਘਾਤਕ ਹੈ। ਇੱਕ ਤਾਂ ਇਸ ਵਿੱਚ ਪੈ ਕੇ ਮਨੁੱਖ ਦੀ ਇੱਛਾ-ਸ਼ਕਤੀ ਨਸ਼ਟ ਹੋ ਜਾਂਦੀ ਹੈ। ਉਹ ਨਸ਼ਿਆਂ ਦਾ ਗ਼ੁਲਾਮ ਹੋ ਜਾਂਦਾ ਹੈ। ਦੂਸਰੇ ਇਸ ਨਾਲ ਧਨ ਦੀ ਬਰਬਾਦੀ ਹੁੰਦੀ ਹੈ ਤੇ ਨਸ਼ਾ ਕਰਨ ਵਾਲੇ ਲੋਕ ਚੋਰੀ ਚਕਾਰੀ ਵਰਗੇ ਜੁਰਮਾਂ ਵਿੱਚ ਵੀ ਫਸ ਜਾਂਦੇ ਹਨ। ਇਨ੍ਹਾਂ ਬਾਰੇ ਜਾਗ੍ਰਿਤ ਹੋ ਕੇ ਹੀ ਅਸੀਂ ਇਨ੍ਹਾਂ ਤੋਂ ਬਚ ਸਕਦੇ ਹਾਂ।

ਪ੍ਰਸ਼ਨ - (1) ਮਨੁੱਖੀ ਜੀਵ ਕਿੰਨ੍ਹੀ ਤਰ੍ਹਾਂ ਦੀਆਂ ਪ੍ਰਵਿਰਤੀਆਂ ਨੂੰ ਮਿਲਾ ਕੇ ਬਣਿਆ ਹੈ?

(ੳ) ਇੱਕਲੀ ਪ੍ਰਵਿਰਤੀ ਦਾ (ਅ) ਦੋ ਤਰ੍ਹਾਂ (ੲ) ਤਿੰਨ ਤਰ੍ਹਾਂ (ਸ) ਚਾਰ ਤਰ੍ਹਾਂ

ਪ੍ਰਸ਼ਨ - (2) ਸਾਡੇ ਦੇਸ ਵਿੱਚ ਤਾਮਸਿਕ ਪ੍ਰਵਿਰਤੀਆਂ ਕਿੱਥੋਂ ਆਈਆਂ ਹਨ?

(ੳ) ਉੱਤਰ (ਅ) ਦੱਖਣ (ੲ) ਪੂਰਬ (ਸ) ਪੱਛਮ

ਪ੍ਰਸ਼ਨ - (3) ਨੌਜਵਾਨ ਪੀੜ੍ਹੀ ਕਿਸ ਪ੍ਰਵਿਰਤੀ ਦਾ ਸ਼ਿਕਾਰ ਹੋ ਰਹੀ ਹੈ?

(ੳ) ਹੱਤਿਆ ਦੀ (ਅ) ਨਸ਼ੇ ਦੀ

(ੲ) ਚੋਰੀ ਦੀ (ਸ) ਜੁਰਮ ਦੀ

ਪ੍ਰਸ਼ਨ - (4) ਇਨ੍ਹਾਂ ਘਾਤਕ ਪ੍ਰਵਿਰਤੀਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ?

(ੳ) ਜਾਗ੍ਰਿਤ ਹੋ ਕੇ (ਅ) ਮੁਕ਼ਾਬਲਾ ਕਰਕੇ

(ੲ) ਛੱਡ ਕੇ (ਸ) ਦੂਰ ਰਹਿ ਕੇ

ਪ੍ਰਸ਼ਨ - (5) ਨਸ਼ੀਲੀਆਂ ਦੁਆਈਆਂ ਦੀ ਵਰਤੋਂ ਕਰਕੇ ਮਨੁੱਖ ਉੱਤੇ ਕੀ ਅਸਰ ਹੁੰਦਾ ਹੈ?

(ੳ) ਆਜ਼ਾਦ ਹੋ ਜਾਂਦਾ ਹੈ (ਅ) ਗੁਲਾਮ ਹੋ ਜਾਂਦਾ ਹੈ

(ੲ) ਸੁਪਨ ਸੰਸਾਰ ਵਿੱਚ ਪਹੁੰਚ ਜਾਂਦਾ ਹੈ (ਸ) ਬੇਕਾਰ ਹੋ ਜਾਂਦਾ ਹੈ

ਅ) ਵਿਆਕਰਨ

1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣੋ: (4×5=20)

ੳ) ਜਿਹੜੇ ਸ਼ਬਦ ਦੋ ਵਾਕਾਂ, ਦੋ ਵਾਕੰਸ਼ਾਂ ਜਾਂ ਦੋ ਸ਼ਬਦਾਂ ਨੂੰ ਆਪਸ ਵਿੱਚ ਜੋੜਨ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
(1) ਨਾਂਵ (2) ਪੜਨਾਂਵ (3) ਸੰਬੰਧਕ (4) ਯੋਜਕ

ਅ) ਅਧੀਨ ਯੋਜਕ ਚੁਣੋ:
(1) ਨਹੀਂ, ਪਰ (2) ਇਸੇ ਲਈ (3) ਕਿ, ਕਿਉਂਕਿ, ਭਾਵੇਂ, ਜੋ, ਜੇ (4) ਤੇ, ਅਤੇ

ੲ) ਜਿਹੜੇ ਸ਼ਬਦ ਦੋ ਸੁਤੰਤਰ ਅਤੇ ਸਮਾਨ ਵਾਕਾਂ ਨੂੰ ਆਪਸ ਵਿੱਚ ਜੋੜਨ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?:
(1) ਪੂਰਨ-ਯੋਜਕ (2) ਅਪੂਰਨ (3) ਸਮਾਨ-ਯੋਜਕ (4) ਅਧੀਨ ਯੋਜਕ

ਸ) ਨਵੀਨ ਅਤੇ ਗੁਰਲੀਨ ਪੱਕੇ ਮਿੱਤਰ ਹਨ : ਵਾਕ ਵਿੱਚੋਂ ਯੋਜਕ ਚੁਣੋ:
(1) ਨਵੀਨ (2) ਗੁਰਲੀਨ (3) ਪੱਕੇ ਮਿੱਤਰ (4) ਅਤੇ

ਹ) 'ਮੈਂ ਜਾਣਦਾ ਹਾਂ ਕਿ ਤੂੰ ਮਿਹਨਤ ਨਹੀਂ ਕਰ ਰਿਹਾ' ਯੋਜਕ ਦੀ ਸਹੀ ਕਿਸਮ ਚੁਣੋ:
(1) ਅਧੀਨ-ਯੋਜਕ (2) ਸਮਾਨ-ਯੋਜਕ (3) ਪੂਰਨ (4) ਅਪੂਰਨ

2)ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ:
(1) ਪਰਆਤਮਾ (2) ਪਰਮਾਤਮਾ (3) ਪ੍ਰਮਾਤਮਆ (4) ਪ੍ਰਮਾਤਮਾ

ਅ) ਖਾਲੀ ਥਾਂ ਲਈ ਸ਼ੁੱਧ ਸ਼ਬਦ ਲਿਖੋ:
ਮੈਂ ਕੱਲ੍ਹ ................. ਜਾਵਾਂਗੀ
(1) ਅੰਬਰਸਰ (2) ਅੰਮ੍ਰਿਤਸਰ (3) ਅੰਮ੍ਰੀਤਸਰ (4) ਅਮਰਤਸਰ

ੲ) ਸ਼ੁੱਧ ਵਾਕ ਚੁਣੋ:
1. ਮੋਹਨ, ਕਮਲ ਤੇ ਰਾਧਾ ਖੇਡਦੀ ਹੈ।
2. ਖੇਡਦਾ ਹੈ ਮੋਹਨ, ਕਮਲ ਤੇ ਰਾਧਾ।
3. ਹਨ ਖੇਡਦੇ ਮੋਹਨ, ਕਮਲ ਤੇ ਰਾਧਾ।
4. ਮੋਹਨ, ਕਮਲ ਤੇ ਰਾਧਾ ਖੇਡਦੇ ਹਨ।

ਸ) ਸ਼ੁੱਧ ਵਾਕ ਚੁਣੋ:
1) ਕਵੀ ਕਵਿਤਾ ਸੁਣਾਈ।
2) ਸੁਣਾਈ ਕਵੀ ਨੇ ਕਵਿਤਾ।
3) ਕਵੀ ਨੇ ਕਵਿਤਾ ਸੁਣਾਈ।
4) ਕਵਿਤਾ ਕਵੀ ਨੇ ਸੁਣਾਈ।

ਹ) ਸ਼ੁੱਧ ਸ਼ਬਦ ਚੁਣੋ:
(1) ਦੋਪੇਹਰ (2) ਦੁਪੈਰ (3) ਦੁਪਿਹਰ (4) ਦੁਪਹਿਰ

3)ੳ) ਵਿਸਰਾਮ ਚਿੰਨ੍ਹ ਕਿੰਨੀ ਤਰ੍ਹਾਂ ਦੇ ਹੁੰਦੇ ਹਨ? ਸਹੀ ਵਿਕਲਪ ਚੁਣੋ:

(1) ਦਸ (2) ਤੇਰ੍ਹਾਂ (3) ਨੌਂ (4) ਅੱਠ

ਅ) ਖੁਸ਼ੀ, ਗਮੀ, ਹੈਰਾਨੀ ਆਦਿ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਕਿਹੜੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?

(1) ? (2) " " (3) ! (4) ।

ੲ) ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਸ ਦੇ ਅੰਤ ਵਿੱਚ ਕਿਹੜੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?

(1) ; (2) ! (3) ? (4) :-

ਸ) ਸਹੀ ਵਿਸਰਾਮ ਚਿੰਨ੍ਹ ਵਾਲਾ ਵਾਕ ਚੁਣੋ:

1) ਹੇ ਵਾਹਿਗੁਰੂ ਤੇਰਾ ਸ਼ੁਕਰ ਹੈ।
2) ਹੇ! ਵਾਹਿਗੁਰੂ ਤੇਰਾ ਸ਼ੁਕਰ ਹੈ।
3) ਹੇ ਵਾਹਿਗੁਰੂ! ਤੇਰਾ ਸ਼ੁਕਰ ਹੈ।
4) ਹੇ, ਵਾਹਿਗੁਰੂ ਤੇਰਾ ਸ਼ੁਕਰ ਹੈ।

ਹ) ਹੇਠ ਲਿਖਿਆਂ ਚਿੰਨ੍ਹਾਂ ਵਿੱਚੋਂ ਕਿਹੜਾ ਚਿੰਨ੍ਹ ਵਿਸਰਾਮ ਚਿੰਨ੍ਹ ਨਹੀਂ ਹੈ?

(1) ? (2) ! (3) । (4) ˜

4)ੳ) ਹੇਠ ਲਿਖੇ ਮੁਹਾਵਰੇ ਲਈ ਸਹੀ ਅਰਥ ਚੁਣੋ:

ਊਠ ਦੇ ਮੂੰਹ ਜੀਰਾ ਦੇਣਾ

(1) ਊਠ ਨੂੰ ਜੀਰਾ ਖੁਆਉਣਾ (2) ਲੋੜੋਂ ਵੱਧ ਚੀਜ਼ ਦੇਣੀ
(3) ਜ਼ਰੂਰਤ ਤੋਂ ਘੱਟ ਚੀਜ਼ ਦੇਣੀ (4) ਊਠ ਦੇ ਮੂੰਹ ਜ਼ਬਰਦਸਤੀ ਜੀਰਾ ਦੇਣਾ

ਅ) ਹੇਠ ਲਿਖੇ ਅਰਥ ਲਈ ਸਹੀ ਮੁਹਾਵਰਾ ਚੁਣੋ:

ਆਮਦਨ ਦੇ ਅੰਦਰ ਖਰਚ ਕਰਨਾ

(1) ਵਿੱਤੋਂ ਬਾਹਰ ਕਰਨਾ (2) ਚਾਦਰ ਵੇਖ ਕੇ ਪੈਰ ਪਸਾਰਨੇ
(3) ਹੱਥ ਤੰਗ ਹੋਣਾ (4) ਹੱਥ ਅੱਡਣੇ

ੲ) 'ਸਿਰ ਖੁਰਕਣ ਦੀ ਵਿਹਲ ਨਾ ਹੋਣਾ' ਮੁਹਾਵਰੇ ਦੀ ਵਰਤੋਂ ਕਿਸ ਅਰਥ ਵਿੱਚ ਕੀਤੀ ਜਾਂਦੀ ਹੈ?

(1) ਮਜ਼ਬੂਰੀ ਹੋਣੀ (2) ਬਹੁਤ ਰੁੱਝੇ ਹੋਣਾ (3) ਨੁਕਸਾਨ ਹੋਣਾ (4) ਬੇਇੱਜ਼ਤੀ ਹੋਣਾ

ਸ) ਸ਼ੁੱਧ ਮੁਹਾਵਰਾ ਚੁਣੋ:

(1) ਗਲ ਪਿਆ ਵਾਜਾ ਵਜਾਉਣਾ (2) ਗਲ ਪਿਆ ਢੋਲ ਵਜਾਉਣਾ
(3) ਗਲ ਪਿਆ ਤਵੀਤ ਵਿਖਾਉਣਾ (4) ਗਲ ਪਿਆ ਹਾਰ ਪਵਾਉਣਾ

ਹ) ਸਹੀ ਸ਼ਬਦ ਚੁਣਕੇ ਮੁਹਾਵਰਾ ਪੂਰਾ ਕਰੋ:

ਜੰਗਲ ਵਿੱਚ ............

(1) ਚੋਰ ਆਉਣੇ (2) ਮੰਗਲ ਹੋਣਾ (3) ਦੰਗਲ ਹੋਣਾ (4) ਜਾਨਵਰ ਆਉਣੇ

ਭਾਗ - ੲ

**ਪਾਠ ਪੁਸਤਕਾਂ ਤੇ ਅਧਾਰਤ** **(9×1=9)**

**ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸਤਰ ਜਾਂ ਇਕ ਸ਼ਬਦ ਵਿੱਚ ਦਿਓ:**

1. ਗੁਰੂ ਨਾਨਕ ਅਤੇ ਮਰਦਾਨਾ ਕਿਹੜੇ ਜੰਗਲ ਵਿੱਚ ਵਿਚਰ ਰਹੇ ਸਨ?
2. 'ਰੱਬ ਤੇ ਰੁੱਤਾਂ' ਕਹਾਣੀ ਕਿਸ ਦੀ ਲਿਖੀ ਹੋਈ ਹੈ?
3. ਟਾਲਸਟਾਏ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
4. ਡਾ. ਰਾਧਾ ਕ੍ਰਿਸ਼ਨਨ ਭਾਰਤ ਦੇ ਰਾਸ਼ਟਰਪਤੀ ਕਦੋਂ ਬਣੇ?
5. 'ਬਾਬਰਵਾਣੀ ਫਿਰਿ ਗਈ' ਕਿਸ ਦੀ ਰਚਨਾ ਹੈ?
6. ਪੰਡਤ ਨਹਿਰੂ ਸਿੱਖਾਂ ਦੇ ਕਿਹੜੇ ਮੋਰਚੇ ਵਿੱਚ ਕੈਦ ਹੋਏ?
7. ਬਾਬਿਆਂ ਦੀ ਇੱਕ ਭੈਣ ਕਿਸ ਪਿੰਡ ਵਿੱਚ ਵਿਆਹੀ ਸੀ?
8. ਸਿੱਖ ਦੀ ਅਰਦਾਸ ਕਿਉਂ ਸਫ਼ਲ ਹੈ?
9. 'ਖੈਰ ਦੀਜੈ ਬੰਦਗੀ' ਕਾਵਿ-ਰਚਨਾ ਕਿਸ ਦੀ ਹੈ?

**ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ:** **(8×2=16)**

1. ਪਹਾੜੀ ਨੂੰ ਹੱਥ ਦੇ ਪੰਜੇ ਨਾਲ ਰੋਕਣ ਵਾਲੀ ਗੱਲ ਸੁਣ ਕੇ ਲੇਖਕ ਦੇ ਮਨ ਵਿੱਚ ਕੀ ਸ਼ੰਕਾ ਉਪਜੀ?
2. ਰੁੱਤਾਂ ਲਈ ਮਨੁੱਖ ਦੀ ਕੀ ਸਾਰਥਕਤਾ ਹੈ?
3. ਟਾਲਸਟਾਏ ਦਾ ਚਿੱਤ ਯੁੱਧ ਤੋਂ ਉਪਰਾਮ ਕਿਉਂ ਹੋ ਗਿਆ?
4. ਡਾ. ਰਾਧਾ ਕ੍ਰਿਸ਼ਨਨ ਦੀ ਦਾਰਸ਼ਨਿਕ ਖੋਜ ਦੀ ਕੀ ਵਿਧੀ ਸੀ?
5. ਰੇਡੀਓ ਅਤੇ ਟੈਲੀਵੀਜ਼ਨ ਨੇ ਸਾਡੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ?
6. ਕੈਦੀ ਦੇ ਵਿਹਾਰ ਵਿੱਚ ਕੀ ਤਬਦੀਲੀ ਆਈ ਅਤੇ ਕਿਵੇਂ?
7. ਤੁਹਾਨੂੰ ਕਿਸ ਬਾਬੇ ਦੀ ਘਟਨਾ ਵਧੇਰੇ ਟੁੰਬਦੀ ਹੈ ਅਤੇ ਕਿਉਂ?
8. ਟਾਲਸਟਾਏ ਨੇ ਕਿਸ ਤਰ੍ਹਾਂ ਦਾ ਸਕੂਲ ਖੋਲ੍ਹਿਆ ਅਤੇ ਉਸਨੂੰ ਬੰਦ ਕਿਉਂ ਕਰਵਾ ਦਿੱਤਾ ਗਿਆ?

**ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ।** **(5×2=10)**

1. 'ਦੁਸ਼ਮਣ' ਇਕਾਂਗੀ ਦੇ ਮੁੱਖ ਪਾਤਰ ਰਘੂਨਾਥ ਦੀ ਪਾਤਰ-ਉਸਾਰੀ 100-125 ਸ਼ਬਦਾਂ ਵਿੱਚ ਕਰੋ।

   **ਜਾਂ**

   ਦੁਕਾਨਦਾਰ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਕੀ-ਕੀ ਮਿਲਾਵਟਾਂ ਕਰਦੇ ਹਨ ਅਤੇ ਲੋਕਾਂ ਨੂੰ ਇਸ ਤੋਂ ਕੀ-ਕੀ ਨੁਕਸਾਨ ਹੁੰਦੇ ਹਨ?

2. 'ਮੇਰਾ ਮਨੁ ਲੋਚੈ' ਕਾਵਿ-ਰਚਨਾ ਦੇ ਕਵੀ ਦਾ ਨਾਂ ਦੱਸਦੇ ਹੋਏ ਕਵਿਤਾ ਦਾ ਸਾਰ ਲਿਖੋ।

   **ਜਾਂ**

   'ਸਤਿਗੁਰ ਨਾਨਕ ਪ੍ਰਗਟਿਆ' ਕਾਵਿ-ਰਚਨਾ ਦੇ ਕਵੀ ਕੌਣ ਹਨ ਅਤੇ ਇਸ ਕਵਿਤਾ ਦਾ ਸਾਰ ਲਿਖੋ।

**ਸ) ਕਦਰਾਂ ਕੀਮਤਾਂ ਤੇ ਅਧਾਰਤ** **(5×1=5)**

ਕੀ ਮਿਲਾਵਟ-ਖੋਰੀ ਕਰਨ ਵਾਲੇ ਤੁਹਾਡੀ ਨਜ਼ਰ ਵਿੱਚ ਦੇਸ ਦੇ ਦੁਸ਼ਮਣ ਹਨ? ਇਸ ਬਾਰੇ ਆਪਣੇ ਵਿਚਾਰ ਘੱਟੋ- ਘੱਟ 150 ਸ਼ਬਦਾਂ ਵਿੱਚ ਲਿਖੋ।

ਭਾਗ (ਸ)

1. ਲਿਖਤੀ

ਹੇਠ ਲਿਖੇ ਨੁਕਤਿਆਂ ਦੇ ਅਧਾਰ ਤੇ ਕਿਸੇ ਇਕ ਵਿਸ਼ੇ ਤੇ ਲੇਖ ਲਿਖੋ। (10)

ਮਨ ਜੀਤੈ ਜਗੁ ਜੀਤੁ

ਨੁਕਤੇ -
ਅਰਥ
ਮਨ ਕੀ ਹੈ? ਮਨ ਚੰਚਲ ਹੈ
ਮਨ ਤੇ ਕਾਬੂ ਪਾਉਣ ਦੀ ਲੋੜ
ਤ੍ਰਿਸ਼ਨਾਵਾਂ ਦਾ ਤਿਆਗ
ਹਿੰਸਾ ਨਾਲ ਜੱਗ ਨਹੀਂ ਜਿੱਤਿਆ ਜਾ ਸਕਦਾ
ਮੁਸ਼ਕਲਾਂ ਤੋਂ ਨਹੀਂ ਘਬਰਾਉਣਾ ਚਾਹੀਦਾ
ਸਾਰੰਸ਼

ਜਾਂ

ਵਿਦਿਆਰਥੀ ਅਤੇ ਫੈਸ਼ਨ

ਨੁਕਤੇ -
ਭੂਮਿਕਾ
ਫੈਸ਼ਨ ਦਾ ਅਰਥ
ਵਿਦਿਆਰਥੀਆਂ ਤੇ ਫੈਸ਼ਨ ਦਾ ਪ੍ਰਭਾਵ
ਪਹਿਰਾਵਾ, ਪੜ੍ਹਾਈ, ਅਨੁਸ਼ਾਸਨਹੀਣਤਾ
ਖੁਰਾਕ, ਬੋਲ ਚਾਲ
ਫੈਸ਼ਨ-ਪ੍ਰਚਾਰ ਲਈ ਜ਼ਿੰਮੇਵਾਰ
ਨੁਕਸਾਨ
ਸਾਰੰਸ਼

2. ਕਿਸੇ ਇੱਕ ਵਿਸ਼ੇ ਤੇ ਪੱਤਰ ਲਿਖੋ। (10)

ਕਿਸੇ ਪੁਸਤਕ-ਬੁੱਕ ਡਿਪੋ ਨੂੰ ਚਿੱਠੀ ਲਿਖ ਕੇ ਕੁਝ ਕਿਤਾਬਾਂ ਮੰਗਵਾਉਣ ਲਈ ਪੱਤਰ ਲਿਖੋ।

ਨੁਕਤੇ-
ਕਿਤਾਬਾਂ ਦੇ ਨਾਂ
ਕਿੰਨੀਆਂ ਚਾਹੀਦੀਆਂ ਹਨ
ਪਬਲਿਸ਼ਰ ਦੇ ਨਾਂ
ਜਮਾਤ ਦਾ ਨਾਂ, ਜਿਸ ਲਈ ਕਿਤਾਬਾਂ ਚਾਹੀਦੀਆਂ ਹਨ
ਪੈਸਿਆਂ ਦਾ ਭੁਗਤਾਨ

ਜਾਂ

ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਸੜਕ ਦੁਰਘਟਨਾਵਾਂ ਨੂੰ ਰੋਕਣ ਦੇ ਸੁਝਾਅ ਦਿਉ।

ਨੁਕਤੇ:
ਦਿਨੋ ਦਿਨ ਵੱਧ ਰਹੀਆਂ ਦੁਰਘਟਨਾਵਾਂ
ਵਾਹਨਾਂ ਦੀ ਭਰਮਾਰ
ਰਫ਼ਤਾਰ ਦੀ ਸੀਮਾ ਤੈਅ ਹੋਣੀ ਚਾਹੀਦੀ ਹੈ
ਚਾਲਕਾਂ ਨੂੰ ਸਜ਼ਾ ਤੇ ਜੁਰਮਾਨਾ
ਚਲਾਨ ਦੇ ਕਰੜੇ ਨਿਯਮ ਲਾਗੂ ਕੀਤੇ ਜਾਣ